brampton.ca BRAMPTON Flower City

Planning and Development Services
Building Division
8850 McLaughlin Road, Unit 1
Brampton, ON L6Y 5T1

# ਮਹੱਤਵਪੂਰਨ ਨੋਟਿਸ

## ਬਿਲਡਰ ਅਤੇ ਡਿਜ਼ਾਈਨਰ

### ਸਾਈਟ ਯੋਜਨਾਵਾਂ ਲਈ ਲੋੜੀਂਦੀ ਜਾਣਕਾਰੀ

ਬਿਲਡਿੰਗ ਪਰਮਿਟ ਦੀਆਂ ਅਰਜ਼ੀਆਂ ਦੇ ਨਾਲ ਲਗਾਈਆਂ ਜਾਣ ਵਾਲੀਆਂ ਸਾਰੀਆਂ ਸਾਈਟ ਯੋਜਨਾਵਾਂ ਪੂਰੀ ਤਰ੍ਹਾਂ ਪਰਿਮਾਪ ਵਾਲੀਆਂ ਹੋਣੀਆਂ ਲਾਜ਼ਮੀ ਹਨ ਅਤੇ ਉਹਨਾਂ ਵਿੱਚ ਸਾਈਟ ਯੋਜਨਾ ਸਬੰਧੀ ਸਾਰੇ ਲੋੜੀਂਦੇ ਅੰਕੜੇ ਸ਼ਾਮਲ ਹੋਣੇ ਲਾਜ਼ਮੀ ਹਨ। ਸਿਟੀ ਆਫ ਬ੍ਰੈਂਪਟਨ ਦੇ ਬਿਲਡਿੰਗ ਡਿਵੀਜ਼ਨ (Building Division) ਨੂੰ ਅਰਜ਼ੀ ਦੀ ਪ੍ਰਕਿਰਿਆ ਵਾਸਤੇ ਲੋੜੀਂਦੀ ਸਾਰੀ ਜ਼ਰੂਰੀ ਜਾਣਕਾਰੀ ਮੁਹੱਈਆ ਕਰਨਾ ਬਿਨੈਕਾਰ ਦੀ ਜ਼ਿੰਮੇਵਾਰੀ ਹੈ।

ਸਾਰੀਆਂ ਜਮ੍ਹਾਂ ਕੀਤੀਆਂ ਸਾਈਟ ਯੋਜਨਾਵਾਂ ਵਿੱਚ ਓ.ਬੀ.ਸੀ. ਡਿਵੀਜ਼ਨ ਸੀ (OBC Division C), ਸੈਕਸ਼ਨ 3.2 ਦੇ ਮੁਤਾਬਕ ਲਾਗੂ ਹੋਣ ਦੇ ਤੌਰ ਤੇ ਡਿਜ਼ਾਈਨਰ ਯੋਗਤਾ/ਰਜਿਸਟਰੇਸ਼ਨ ਬੀ.ਸੀ.ਆਈ.ਐਨ. (BCIN) ਸ਼ਾਮਲ ਕਰਨਾ ਲਾਜ਼ਮੀ ਹੈ।

ਸਾਰੀਆਂ ਜਮ੍ਹਾਂ ਕੀਤੀਆਂ ਜਾਣ ਵਾਲੀਆਂ ਯੋਜਨਾਵਾਂ ਵਿੱਚ ਹੇਠਾਂ ਲਿਖੀ **ਗ੍ਰਾਫਿਕਲ ਜਾਣਕਾਰੀ ਸ਼ਾਮਲ ਹੋਣੀ ਲਾਜ਼ਮੀ ਹੈ:**

•ਨਾਲ ਲੱਗਦੇ ਲੌਟਸ ਤੇ ਸਾਰਾ ਜਾਂ ਅੰਸ਼ਕ ਬਿਲਡਿੰਗ ਫੁੱਟਪ੍ਰਿੰਟ;

•ਰਿਹਾਇਸ਼ ਦੀ ਮੁੱਖ ਕੰਧ ਦੇ ਨੇੜੇ ਵਾਲੀਆਂ ਪ੍ਰਾਪਰਟੀ ਦੀਆਂ ਸਾਰੀਆਂ ਲਾਈਨਾਂ ਤੋਂ ਸਿੱਧੀ ਲਾਈਨ ਵਿੱਚ ਨੇੜਲੀ ਥਾਂ ਤੋਂ ਲਏ ਗਏ ਦੂਰੀ ਦੇ ਪਰਿਮਾਪ;

•ਸਾਰੀਆਂ ਪੋਰਚਾਂ, ਡੈੱਕਾਂ, ਗਰਾਜ ਦੀ ਸਾਹਮਣੇ ਦੀ ਕੰਧ ਦੀ ਪ੍ਰਾਪਰਟੀ ਦੀਆਂ ਸਾਰੀਆਂ ਲਾਈਨਾਂ ਤੋਂ ਸਿੱਧੀ ਲਾਈਨ ਵਿੱਚ ਨੇੜਲੀ ਥਾਂ ਤੋਂ ਲਏ ਗਏ ਦੂਰੀ ਦੇ ਪਰਿਮਾਪ;

•ਪੋਰਚ ਅਤੇ ਰਿਹਾਇਸ਼ ਦੀ ਨੇੜਲੀ ਥਾਂ ਤੋਂ ਸਾਈਟ ਦੀਆਂ ਤਿਕੋਣੀਆਂ ਵਿਰਲ ਵਾਲੀਆਂ ਜ਼ਮੀਨ ਨਾਲ ਲੱਗਣ ਵਾਲੀ ਪ੍ਰਾਪਰਟੀ ਲਾਈਨ ਤੇ ਜਾਂ ਕੋਨਿਆਂ ਵਾਲੇ ਲੌਟਸ ਦੇ ਘੇਰੇ ਤੱਕ ਦੀ ਦੂਰੀ ਦਾ ਪਰਿਮਾਪ;

•ਪ੍ਰਸਤਾਵਿਤ ਡੈੱਕਾਂ ਦਾ ਆਕਾਰ ਅਤੇ ਉੱਚਾਈ;

•ਪੋਰਚ ਜਾਂ ਰਿਹਾਇਸ਼ ਦੀ ਸਾਹਮਣੇ ਵਾਲੀ ਕੰਧ ਤੋਂ ਗਰਾਜ ਪ੍ਰੋਜੈਕਨਸ਼ ਦਾ ਪਰਿਮਾਪ;

•ਡ੍ਰਾਈਵਵੇ ਦਾ ਚੌੜਾਈ ਪਰਿਮਾਪ।

ਸਾਰੀਆਂ ਜਮ੍ਹਾਂ ਕੀਤੀਆਂ ਜਾਣ ਵਾਲੀਆਂ ਯੋਜਨਾਵਾਂ ਵਿੱਚ ਹੇਠਾਂ ਲਿਖੀ **ਅੰਕੜਿਆਂ ਸਬੰਧੀ ਜਾਣਕਾਰੀ ਸ਼ਾਮਲ ਹੋਣੀ ਲਾਜ਼ਮੀ ਹੈ:**

•ਪੂਰੇ ਕੀਤੇ ਔਸਤ ਗ੍ਰੇਡ ਅਤੇ ਛੱਤ ਦੇ ਛੱਜਿਆਂ ਅਤੇ ਉਭਾਰ ਦੇ ਵਿਚਕਾਰ ਔਸਤ ਉੱਚਾਈ ਪੱਧਰ ਦੇ ਵਿਚਕਾਰ ਮਾਪੀ ਗਈ ਬਿਲਡਿੰਗ ਦੀ ਪ੍ਰਸਤਾਵਿਤ ਉੱਚਾਈ;

•ਸਾਹਮਣੇ ਦੇ ਯਾਰਡ ਵਾਲੇ ਖੇਤਰ ਦੇ ਭੂਦ੍ਰਿਸ਼ ਵਾਲੇ ਖੇਤਰ ਦਾ ਪ੍ਰਤੀਸ਼ਤ;

•ਗਰਾਜ ਦੇ ਦਰਵਾਜੇ ਦੀ ਚੌੜਾਈ;

•ਗਰਾਜ ਦੇ ਅੰਦਰਲੇ ਹਿੱਸੇ ਦੀ ਚੌੜਾਈ;

•ਪਿਛਲੇ ਯਾਰਡ ਦਾ ਖੇਤਰ, ਜਿੱਥੇ ਪਿੱਛੇ ਦੇ ਯਾਰਡ ਦੀ ਦੂਰੀ ਘਟਾਈ ਗਈ ਹੋਵੇ, ਜਿਵੇਂ ਕਿ ਬਾਇ-ਲਾੱ ਵਿੱਚ ਇਜਾਜ਼ਤ ਦਿੱਤੀ ਗਈ ਹੈ;

•ਲੌਟ ਕਵਰੇਜ, ਜੇਕਰ ਲਾਗੂ ਹੋਵੇ।

*ਕਿਰਪਾ ਕਰਕੇ ਧਿਆਨ ਦਿਓ ਕਿ ਲੁਪਤ ਜਾਣਕਾਰੀ ਲਈ ਡ੍ਰਾਇੰਗਾਂ ਦਾ ਮਾਪ ਨਹੀਂ ਲਿਆ ਜਾਵੇਗਾ। ਅਸਲੀ ਪਰਿਮਾਪ ਲੋੜੀਂਦੇ ਹਨ ਅਤੇ ਸਿਰਫ ਬਾਇ-ਲਾੱ ਦੀਆਂ ਘੱਟੋ-ਘੱਟ ਸ਼ਰਤਾਂ ਦੱਸਣ ਵਾਲੇ ਅੰਕੜੇ ਸਵੀਕਾਰ ਯੋਗ ਨਹੀਂ ਹਨ। ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਕਿ ਇਹ ਸ਼ਰਤਾਂ ਪੂਰੀਆਂ ਕੀਤੀਆਂ ਗਈਆਂ ਹਨ, ਆਪਣੇ ਆਰਕੀਟੈਕਟਾਂ ਅਤੇ ਸਲਾਹਕਾਰਾਂ ਨੂੰ ਇਹ ਜਾਣਕਾਰੀ ਮੁਹੱਈਆ ਕਰੋ। ਅਰਜ਼ੀ ਜਮ੍ਹਾਂ ਕਰਨ ਵੇਲੇ ਲੋੜੀਂਦੀ ਜਾਣਕਾਰੀ ਮੁਹੱਈਆ ਕਰਨ ਨਾਲ, ਬਿਲਡਿੰਗ ਪਰਮਿਟ ਸਮੀਖਿਆ ਪ੍ਰਕਿਰਿਆ ਨੂੰ ਛੇਤੀ ਕਰਨ ਵਿੱਚ ਮਦਦ ਮਿਲੇਗੀ।*

**ਉਪਰੋਕਤ ਨੋਟ ਕੀਤੀ ਗਈ ਜਾਣਕਾਰੀ ਦੇ ਬਿਨਾਂ ਜਮ੍ਹਾਂ ਕੀਤੀਆਂ ਜਾਣ ਵਾਲੀਆਂ ਸਾਈਟ ਯੋਜਨਾਵਾਂ ਦੇ ਨਤੀਜੇ ਵਜੋਂ ਬਿਲਡਿੰਗ ਪਰਮਿਟ ਅਰਜ਼ੀ ਦੀ ਪ੍ਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ।**

**ਪਰਮਿਟਸ**
ਟੈਲੀਫੋਨ 905-874-2401
ਫੈਕਸ 905-874-2499

**ਇੰਸਪੈਕਸ਼ਨਸ**
ਟੈਲੀਫੋਨ 905-874-3700
ਫੈਕਸ 905-874-3763

**ਜ਼ੋਨਿੰਗ ਸੇਵਾਵਾਂ**
ਟੈਲੀਫੋਨ 905-874-2090
ਫੈਕਸ 905-874-2499

ਸੰਸ਼ੋਧਿਤ: ਦਸੰਬਰ 2016